
ਫੇਰ ਉਹੀ ਹੋਇਆ
ਸੁਖਦੀਪ ਸਿੰਘ
www.PunjabiLibrary.com

# ਫੇਰ ਉਹੀ ਹੋਇਆ

ਅੱਖ ਖੁਲਦੀ ਸਾਰ ਹੀ,ਉਸਨੇ ਛੱਤ ਵੱਲ ਨੂੰ ਝਾਤੀ ਮਾਰੀ,ਤੇ ਪਤਾ ਨਹੀ ਕਿਹੜੇ ਖਿਆਲਾਂ ਵਿਚ ਖੋ ਗਿਆ। ਉਸਦੀ ਨਿਗਾਹ ਤਾਂ ਛੱਤ ਵੱਲ ਨੂੰ ਹੀ ਸੀ।ਪਰ ਦਿਖਾਈ ਉਸਨੂੰ ਕੁੱਝ ਵੀ ਨਹੀ ਸੀ ਦੇ ਰਿਹਾ,ਲੱਗਦਾ ਕਿਸੇ ਡੂੰਘੇ ਖਿਆਲਾਂ ਵਿਚ ਖੋ ਗਿਆ ਸੀ,ਐਨੇ ਵਿਚ ਹੀ ਪਤਾ ਨਹੀ ਕੀ ਔੜਿਆ ਦਿਮਾਗ ਅੰਦਰ!ਸਿਰਹਾਣੇ ਕੋਲ ਮੇਜ ਦੇ ਉਪਰ ਪਏ ਫੋਨ ਨੂੰ ਚੁੱਕਿਆ ਤੇ ਸਾਇਡ ਵਾਲਾ ਬਟਨ ਜੋਰ ਦੀ ਨੱਪਿਆ ਤੇ ਫੋਨ ਚਾਲੂ ਕਰਨ ਦੀ ਕੋਸ਼ਿਸ਼ ਕੀਤੀ,ਪਰ ਬੈਟਰੀ ਲੋਅ ਹੋਣ ਕਾਰਨ ਫੋਨ ਚਾਲੂ ਨਾ ਹੋਇਆ,ਫੇਰ ਉਹ ਕਮਰੇ ਵਿਚੋਂ ਬਾਹਿਰ ਨਿਕਲਿਆ ਤਾਂ ਸਾਹਮਣੇ ਕੋਈ ਵੀ ਨਜ਼ਰੀ ਨਾ ਆਇਆ, ਕੰਧ ਉਪਰ ਲੱਗੇ ਹੋਏ ਘੰਟੇ ਦੇ ਵੱਲ ਦੇਖਿਆ ਤਾਂ ਪਤਾ ਲੱਗਿਆ ਸਵੇਰੇ ਦੇ ਨੋ ਵੱਜਣ ਹੀ ਵਾਲੇ ਨੇ,

ਸਮੇ ਨੂੰ ਵੇਹਿੰਦੇ ਸਾਰ ਹੀ ਉਹ ਹੋਰ ਵੀ ਜਿਆਦਾ ਸੋਚੀ ਪੈ ਗਿਆ, ਉਹ ਉਥੇ ਹੀ ਬੈਠ ਗਿਆ ਲੱਤਾਂ ਨੂੰ ਇੱਕਠਾ ਕੀਤਾ ਤੇ ਗੋਡਿਆਂ ਉਪਰ ਦੀ ਬੁੱਕਲ ਮਾਰ ਲਈ......


Webpagepdf.com

ਏਸ ਵਕਤ ਲਗਪਗ ਸਾਢੇ ਨੋ ਵੱਜ ਗਏ।

ਆ ਗਈ ਸੁਰਤ ਤੈਨੂੰ.......!

ਕੋਈ ਕੰਮ ਕਾਜ ਨੂੰ ਹੱਥ ਪਾ ਲਾ

ਐਵੇਂ ਨੀ ਬਣਦਾ ਤੂੰ ਡੀ ਸੀ....

ਬਿਸਤਰੇ ਵਿਚੋਂ ਤਾਂ ਉਠਦਾ ਨੀਂ........ਬਾਰਾਂ ਬਾਰਾਂ ਵਜੇ ਤੱਕ...

ਸੁਰਜੀਤ ਕੇ ਮੁੰਡੇ ਕੰਨੀਂ ਵੇਖ'

ਫੌਜੀ ਹੋ ਗਿਆ....

ਆਪਣੀ ਤਾਂ  ਸਰਦਾਰ ਜੀ ਦੀ, ਵੱਖਰੀ ਸੋਚ ਏ...!

ਬਾਪੂ ਦੀ ਅਬੜਬਾਹੀ ਆਵਾਜ਼ ਸੁਣ ਕੇ ਇਉਂ ਲੱਗਿਆ, ਜਿਵੇਂ ਸਵੇਰ ਦੀ ਚਾਹ ਪੀ ਕੇ,

ਅੱਖ ਖੁਲ੍ਹ ਗਈ ਹੋਵੇ.......

ਬਾਪੂ ਤੂੰ ਤਾਂ ਐਵੇਂ ਹੀ ਫਿਕਰ ਕਰੀਂ ਜਾਣਾ..

ਤੇਰਾ ਪੁੱਤ ਇਕ ਦਿਨ ਵੇਖੀਂ ਜਰੂਰ ਡੀ ਸੀ ਲੱਗੂ

ਤੂੰ ਫਿਕਰ ਨਾ ਕਰ ਬਾਪੂ ਤੇਰਾ ਪੁੱਤ ਇਕ ਦਿਨ ਜਰੂਰ ਮੁੱਲ ਮੋੜੋ ਤੇਰੀ ਮੇਹਨਤ ਦਾ..

ਬਾਪੂ ਇਹ ਗੱਲ ਸੁਣ ਕੇ ਥੋੜ੍ਹਾ ਜਿਹਾ ਠੰਢਾ ਹੋ ਗਿਆ...

ਬਾਪੂ: ਪੁੱਤ ਮੈਂ ਮਿੱਟੀ ਨਾਲ ਮਿੱਟੀ ਹੋ ਕੇ ਤੇਰੀ ਕਾੱਲਜ ਦੀ ਫੀਸ ਭਰਦਾ ਹਾਂ,

ਦੱਸ ਭਲਾਂ ਮੈਂ ਹੋਰ ਕਿੰਨਾ ਚਿਰ ਕੰਮ ਕਰੂ ਗਾ,

ਮੇਰੇ ਤਾਂ ਹੱਡ ਪੈਰ ਵੀ ਜਵਾਬ ਦਿੰਦੇ ਜਾਵਦੇਂ ਨੇ....

ਤੂੰ ਮੇਰੇ ਗੱਲ ਮੰਨ ਪੁੱਤ ਨੌਕਰੀ ਦਾ ਕੀ ਪਤਾ ਤੂੰ ਕੋਈ ਕੰਮ ਕਾਜ ਸਿੱਖ ਲਾ...

ਪੁੱਤਰ: ਬਾਪੂ ਮੇਰੇ ਤੋਂ ਨੀ ਹੁੰਦੀ ਕਿਸੇ ਦੀ ਗੁਲਾਮੀ....!

ਤੇ ਨਾਹੀ ਮੇਰੀ ਕੋਈ ਕੰਮ ਸਿਖਣ ਦੀ ਦਿਲਚਸਪੀ ਏ...

ਬਾਪੂ ਚੁੱਪ ਕਰ ਗਿਆ.....

ਫੇਰ ਕੁੱਝ ਸਮੇਂ ਬਾਅਦ

ਬਾਪੂ: ਜਿਵੇਂ ਪੱਤ ਤੈਨੂੰ ਲੋਟ ਲੱਗਦਾ ਫੇਰ ਉਵੇਂ ਕਰਲਾ...

ਪਰ ਪੁੱਤ ਤੂੰ ਹੁਣ ਜਵਾਨ ਹੋ ਗਿਆ ਏਂ ਚਾਰ ਪੈਸੇ ਕਮਾਉਣ ਜੋਗਾ ਏ ਸੁਖ ਨਾਲ...

ਪੁੱਤਰ:  ਬਾਪੂ ਕੋਈ ਨਾ ਮੈਂ ਜਲਦੀ ਹੀ ਲੱਭਦਾ ਕੋਈ ਨੌਕਰੀ .....

ਬਾਪੂ: ਚੰਗਾ ਪੁੱਤ......

ਨਾਲੇ ਗੈਸ ਉਪਰ ਚਾਹ ਪਈ ਏ ਗਰਮ ਕਰਕੇ ਪੀ ਲਵੀਂ,ਮੈਂ ਖੇਤ ਵੱਲ ਗੇੜਾ ਮਾਰ ਆਵਾਂ, ਹਾਂ ਸੱਚ ਮੈਂ ਅ◌ਾੜਤੀਏ ਕੋਲੋਂ ਤੇਰੇ ਕਾੱਲਜ ਦੀ ਫੀਸ ਲਈ ਪੈਸੇ ਲੈ ਕੇ ਆਇਆ ਸੀ,

ਤੇਰੇ ਕਮਰੇ ਦੀ ਅਲਮਾਰੀ ਵਿਚ ਹੀ ਪਏ ਨੇ ਫੀਸ ਭਰਦੀ ਠੀਕ ਆ..

ਬਾਪੂ ਏ ਆਖਦਾ ਖੇਤ ਵੱਲ ਨੂੰ ਚਲਾ ਗਿਆ..........

ਬਾਪੂ ਦੀ ਏ ਗੱਲ ਸੁਣਦੇ ਸਾਰ ਹੀ, ਉਸਦੇ ਅੰਦਰਲੀ ਖਾਮੋਸੀ ਪਤਾ ਹੀ ਨਹੀ ਚੱਲਿਆ ਕਿੰਨੀ ਹੀ ਦੂਰ ਚੱਲੀ ਗਈ.....

ਤੇ ਉਸ ਨੂੰ ਚਾਅ ਚੜ ਗਿਆ ...

ਚੇਤਾ ਆਇਆ ਉਸਨੂੰ ਕੇ ਅੱਜ ਤਾਂ      ਕਾੱਲਜ ਵੀ ਛੁੱਟੀ ਏ...

ਅੱਜ ਤਾਂ ਪਾਰਟੀ ਤੇ ਜਾਣਾ ਏ, ਮਨਮੀਤ ਦਾ


Webpagepdf.com

ਜਨਮਦਿਨ ਏ ਅੱਜ ਤਾਂ...............

ਉਸਨੇ ਜਲਦੀ ਨਾਲ ! ਬਾਥਰੂਮ ਦੇ ਬਾਹਿਰ ਲੱਗੇ ਵਾਸ਼ਪੇਸਨ ਵਿਚ ਮੂੰਹ ਧੋਤਾ ਤੇ ਅੰਦਰ ਕਮਰੇ ਵਿਚ ਚਲਾ ਗਿਆ ਤੇ ਫੋਨ ਚਾਰਜਰ ਤੇ ਲਗਾ ਕੇ ਆਪਣੇ ਕੱਪੜੇ ਚੁੱਕੇ ਤੇ ਨਹਾਉਣ ਚੱਲਾ ਗਿਆ.........

ਜਦੋਂ ਉਹ ਨਹਾ ਕੇ ਬਾਹਿਰ ਨਿਕਲਿਆ ਤਾਂ ਉਸਦੀ ਨਜ਼ਰ ਸਾਹਮਣੇ ਵਾਲੀ ਕੰਧ ਉਪਰ ਚੱਲੀ ਗਈ। ਜਿਸ ਕੰਧ ਵਿਚੋਂ ਉਸਨੇ ਇੱਕ ਇੱਟ ਬਾਹਿਰ ਕੱਢ ਕੇ ਉਸਦੇ ਪਿੱਛੇ ਇਕ ਡੱਬੀ ਲਕੋਈ ਸੀ, ਉਹ ਅਗਾਂਹ ਵੱਲ ਨੂੰ ਤੁਰਿਆ ਤੇ ਆਸਾ ਪਾਸਾ ਵੇਖਿਆ ਕੇ ਕੋਈ ਆਵਦਾਂ ਤਾਂ ਨਹੀ ਏ,ਤੇ ਉਸਨੇ ਕੰਧ ਵਿਚੋਂ ਉਸੇ ਇੱਟ ਨੂੰ ਬਾਹਿਰ ਕੱਢਿਆ ਜਿਸ ਦੇ ਪਿੱਛੇ ਉਸਨੇ ਇੱਕ ਡੱਬੀ ਲਕੋਈ ਸੀ,ਉਸਨੇ ਨੇ ਜਲਦੀ ਨਾਲ ਇੱਟ ਨੂੰ ਬਾਹਿਰ ਕੱਢ ਕੇ ਡੱਬੀ ਚੁੱਕੀ ਤੇ ਆਪਣੀ ਪੈਂਟ ਦੀ ਜੇਬ ਅੰਦਰ ਪਾ ਲਈ,ਤੇ


Webpagepdf.com

ਇੱਟ ਨੂੰ ਉਵੇਂ ਹੀ ਕੰਧ ਅੰਦਰ ਧਕੇਲ ਦਿੱਤਾ,ਤੇ ਆਪਣੇ ਕਮਰੇ ਅੰਦਰ ਚਲਾ ਗਿਆ..........

ਮੇਜ ਉਪਰ ਲੱਗੇ ਹੋਏ ਚਾਰਜ ਫੋਨ ਨੂੰ ਚੁੱਕਿਆ ......

'ਸਾਇਡ ਵਾਲਾ ਬਟਨ ਨੱਪ ਕੇ ਚਾਲੂ ਕੀਤਾ'

ਫੋਨ ਚਾਲੂ ਕਰਦੇ ਸਾਰ ਹੀ ਮਨਮੀਤ ਦਾ ਫੋਨ ਆ ਰਿਹਾ ਉਸਨੇ ਫੋਨ ਉਪਰ ਹਲਕਾ ਜਿਹਾ ਟੱਚ ਕੀਤਾ ਤੇ ਫੋਨ ਚੁੱਕ ਕੇ ਕੰਨ ਨਾਲ ਲਾ ਲਿਆ, ਫੋਨ ਚੁੱਕਦੇ ਸਾਰ ਹੀ........

ਮਨਮੀਤ: ਹੈਲੋ ਨੂਰ ਕਿਥੇ ਸੀ?

ਨੂਰ: ਯਾਰ ਨਹਾ ਰਿਹਾ ਸੀ।

ਮਨਮੀਤ: ਓਕੇ..

ਹੋਰ ਕੀਵੇਂਆਂ...

ਨੂਰ: ਵਧਿਆ ਤੂੰ ਦੱਸ

ਮਨਮੀਤ: ਤੈਨੂੰ ਪਤਾ ਮੈਂ ਤੈਨੂੰ ਕਿੰਨੇ ਫੋਨ ਕੀਤੇ

ਯਾਰ ਤੂੰ ਫੋਨ ਕਿਉਂ ਨਹੀ ਚੁੱਕਿਆ

ਨੂਰ: ਯਾਰ ਬੈਟਰੀ ਲੋਅ ਸੀ।

ਮਨਮੀਤ: ਠੀਕ ਆ।

ਜਲਦੀ ਤਿਆਰ ਹੋ ਜਾ ਤੈਨੂੰ ਪਤਾ ਅੱਜ ਸਹਿਰ ਜਾਣਾ ਪਾਰਟੀ ਕਰਨੀ ਏ,

ਨਾਲੇ ਸਾਰੇ ਦੋਸਤਾਂ ਨੂੰ ਬੁਲਾਇਆ,

ਤੂੰ ਜਲਦੀ ਜਲਦੀ ਤਿਆਰ ਹੋ ਜਾ ਮੈਂ ਤੈਨੂੰ ਗਿਆਰਾਂ ਵਜੇ ਬੈਂਕ ਕੋਲ ਲੈਣ ਆਉਗਾ

ਨੂਰ : ਠੀਕ ਮੈਨੂੰ ਫੋਨ ਕਰਦੀ ਪਹੁੰਚ ਕੇ

ਮਨਮੀਤ: ਠੀਕ ਆ ਚੰਗਾ ਫੇਰ ਮਿਲਦੇ ਆਂ....

ਨੂਰ : ਚੰਗਾ......

ਨੂਰ ਜਲਦੀ ਨਾਲ ਤਿਆਰ ਹੋ ਕੇ ਗਿਆਰਾਂ ਵਜੇ ਬੈਂਕ ਕੋਲ ਚਲਾ ਜਾਂਦਾਂ ਏ,

ਬੈਂਕ ਨੂਰ ਦੇ ਘਰ ਤੋਂ ਥੋੜ੍ਹੀ ਹੀ ਦੂਰ ਸੀ....



Webpagepdf.com

ਨੂਰ ਥੋੜ੍ਹਾ ਜਿਹਾ ਸਮਾਂ ਰੁੱਕਦਾ ਏ ਐਨੇ ਵਿਚ ਹੀ ਮਨਮੀਤ ਆ ਜਾਦਾਂ  ਏ,

ਉਸ ਕੋਲ ਇਕ ਕਾਲੇ ਰੰਗ ਦਾ ਮੋਟਰਸਾਇਕਲ ਸੀ ਜੋ ਦੇਖਣ ਵਿਚ ਕਾਫੀ ਚੰਗਾ ਲੱਗ ਰਿਹਾ ਬਿਲਕੁਲ ਨਵੇਂ ਦੇ ਵਾਂਗ ਹੀ....

ਨੂਰ ਨੂੰ ਵੇਖਦੇ ਸਾਰ ਹੀ ਮਨਮੀਤ ਮੋਟਰਸਾਇਕਲ ਰੋਕ ਲੈਂਦਾ ਏ ਤੇ ਨੂਰ ਉਸ ਉਪਰ ਬੈਠ ਜਾਦਾ ਏ ਤੇ ਦੋਵੇਂ ਸਹਿਰ ਨੂੰ ਚਲੇ ਜਾਦੇ ਨੇ !

ਸਾਮ ਨੂੰ ਸਾਰੇ ਦੋਸਤ ਇੱਕਠੇ ਹੋ ਕੇ ਖੂਬ ਮਸਤੀ ਕਰਦੇ ਨੇ ਤੇ ਨਸ਼ੇ ਵਿਚ ਪੂਰੇ ਟੂਣ ਹੋ ਜਾਦੇ ਨੇ ਤੇ ਆਪਣੇ ਆਪ ਤੋ ਬਾਹਿਰ ਹੋ ਜਾਂਦੇ   ਨੇ ,ਪਰ ਅਖੀਰ ਲਟਕਦੇ ਲਟਕਾਉਦੇਂ ਘਰ ਪਾਹੁੰਚ ਹੀ ਜਾਂਦੇ ਨੇ....

ਜਦੋਂ ਨੂਰ ਘਰ ਪਹੁੰਚਦਾ ਏ ਤਾਂ ਉਸਦਾ ਬਾਪੂ ਸੁੱਤਾ ਪਿਆ ਹੁੰਦਾ ਏ,ਉਹ ਬਿਨਾਂ ਖੜਾਕ ਕਰੇ ਆਪਣੇ ਕਮਰੇ ਵਿੱਚ ਚਲਾ ਜਾਦਾ ਏ ਨੂਰ ਨੂੰ ਉਸ ਵਕਤ ਚੰਗੀ ਤਰ੍ਹਾਂ ਕੁੱਝ ਵੀ ਨਹੀ ਪਤਾ ਲੱਗ ਰਿਹਾ ਸੀ,ਉਹ ਬਿਨ੍ਹਾਂ ਕੱਪੜੇ


Webpagepdf.com

ਬਦਲੇ ਹੀ ਸੋਂ ਜਾਦਾ ਏ .......

ਉਸਦੀ ਅੱਖ ਖੁੱਲਦੀ ਏ ਤਾਂ ਸਵੇਰ ਹੋ ਚੁੱਕੀ ਹੁੰਦੀ ਏ ਪਾਠੀ ਦੀ ਆਵਾਜ਼ ਉਸਦੇ ਕੰਨਾਂ ਵਿਚ ਧੀਮੀ ਧੀਮੀ ਸੁਣਾਈ ਦੇ ਰਹੀ ਸੀ...

ਉਹ ਆਪਣੇ ਬਿਸਤਰੇ ਵਿਚੋਂ ਖੜਾ ਹੋਣ ਦੀ ਕੋਸ਼ਿਸ਼ ਕਰਦਾ ਏ ਪਰ ਉਸਦਾ ਸਰੀਰ ਬਹੁਤ ਹੀ ਦਰਦ ਕਰ ਰਿਹਾ ਸੀ ਤੇ ਸਿਰ ਜੋਰ ਜੋਰ ਦੀ ਦਰਦ ਨਾਲ ਪਾਟਣ ਨੂੰ ਕਰ ਰਿਹਾ ਸੀ.....

ਪਰ ਉਹ ਬਾਹਿਰ ਜਾਣਾ ਚਾਹੁੰਦਾ ਸੀ...

ਉਸਨੇ ਦੰਦਾਂ ਥੱਲੇ ਜੀਭ ਨੂੰ ਦਿੱਤਾ

ਤੇ ਉੱਠ ਖਲੋਤਾ ਕਮਰੇ ਵਿਚੋਂ ਬਾਹਿਰ ਨਿਕਲਿਆ ਤਾਂ ਉਸਨੇ ਵੇਖਿਆ ਕੇ ਬਾਪੂ ਅਜੇ ਤੀਕ ਸੁੱਤਾ ਕਿਵੇਂ ਪਿਆ ਏ....

ਉਸਦੇ ਮਨ ਵਿਚ ਭੈੜੇ ਭੈੜੇ ਖਿਆਲ ਆਉਣ ਲੱਗੇ ਤੇ ਇਹ ਖਿਆਲਾਂ ਦੇ ਕਾਰਨ ਉਹ ਆਪਣੇ ਅੰਦਰਲੇ ਸਰੀਰ ਦਾ ਦਰਦ ਵੀ ਭੁੱਲ ਗਿਆ .....



Webpagepdf.com

ਉਹ ਬਾਪੂ ਦੇ ਮੰਜੇ ਕੋਲ ਗਿਆ ਤੇ ਉਸ ਨੂੰ ਜੋਰ ਨਾਲ ਹਲੂਣਿਆ ਪਰ................

ਪਰ ਬਾਪੂ ਨਾ ਉਠਿਆ..,....,ਉਹ ਉੱਚੀ ਉੱਚੀ ਰੋਣਾ ਚਾਹੁੰਦਾ ਸੀ ,ਪਰ ਉਸਦੇ ਮੂੰਹ ਵਿਚੋਂ ਆਵਾਜ਼ ਨਹੀ ਸੀ ਨਿਕਲ ਰਹੀ। ਉਹਦੀਆਂ ਅੱਖਾ ਅੱਗੇ ਹਨੇਰਾ ਛਾਅ ਗਿਆ। ਅੰਦਰੋਂ ਅੰਦਰੀਂ ਦੱਮ ਘੁੱਟਣ ਲੱਗਾ ।ਉਸਨੂੰ ਆਪਣੀ ਸਾਰੀ ਜਿੰਦਗੀ ਤਬਾਹ ਹੁੰਦੀ ਜਾਪ ਰਹੀ ਸੀ।

ਜੇ ਸੁਫਨਾ ਸੱਚ ਹੋ ਗਿਆ,
ਅੱਖਾਂ ਦਾ ਚਾਨਣ ਖੋ ਗਿਆ,
ਮੈਨੂੰ ਖੁਦ ਖਲੋਤਾ ਕਰਕੇ,
ਆਪ ਗੂੜ੍ਹੀ ਨੀਦੇਂ ਸੋਂ ਗਿਆ...
{ ਸੁਖਦੀਪ }


Webpagepdf.com

ਬੱਦਲ ਗਰਜਿਆ ਤੇ ਬਿਜਲੀ ਲੱਕਛੀ, ਐਨੀ ਉਚੀ ਖੜਾਕ ਹੋਇਆ। ਕਿ ਨੂਰ ਦੀ ਅੱਖ ਖੁਲ੍ਹ ਗਈ।ਨੂਰ ਨੇ ਚੋਹੀਂ ਪਾਸੇ ਤੱਕਿਆ ਤੇ ਉਹ ਅਸਚਰਜ ਰਿਹ ਗਿਆ ਕਿ ਇਹ ਤਾਂ ਇਕ ਸੁਫਨਾ ਸੀ। ਰਾਤ ਜਿਆਦਾ ਨਸ਼ੇ ਦੀ ਵਰਤੋਂ ਕਰਨ ਨਾਲ ਉਸਦਾ ਸੱਚਮੁੱਚ ਸਰੀਰ ਬਹੁਤ ਜਿਆਦਾ ਟੁੱਟ ਰਿਹਾ ਸੀ।

ਉਹ ਬਿਸਤਰੇ ਵਿਚੋਂ ਉਠਿਆ ਚੱਪਲਾਂ ਪਹਿਨੀਆਂ ਤੇ ਕਮਰੇ ਵਿਚੋਂ ਬਾਹਿਰ ਆ ਗਿਆ। ਬਾਪੂ ਚੁੱਲੇ ਵਿਚ ਫੂੱਕਾਂ ਮਾਰ ਰਿਹਾ ਸੀ। ਮੌਸਮ ਖਰਾਬ ਹੋਣ ਕਾਰਨ ਬਾਲਣ ਗਿੱਲਾ ਹੋ ਗਿਆ ਸੀ ਤੇ ਅੱਗ ਥੋੜ੍ਹਾ ਜਿਹਾ ਬਲਦੀ ਤੇ ਤੇਜ਼ ਹਵਾ ਨਾਲ ਫੇਰ ਬੁੱਝ ਜਾਦੀਂ। ਲੱਗਦਾ ਗੈਸ ਖ਼ਤਮ ਹੋ ਗਿਆ ਸੀ। ਨਹੀ ਤਾਂ ਬਾਪੂ ਐਨੀਆਂ ਟੱਕਰਾਂ ਮਾਰਦਾ ਅੱਗ ਬਾਲਣ ਲਈ ਕਦੇ ਨਹੀ ਵੇਖਿਆ ਸੀ।

ਨੂਰ ਨੂੰ ਕਮਰੇ ਵਿਚੋਂ ਬਾਹਿਰ ਖੜ੍ਹਾ ਦੇਖਣ ਸਾਰ ਹੀ ਬਾਪੂ

ਬੋਲਿਆ .....

ਬਾਪੂ : ਕੀ ਗੱਲ ਪੁੱਤ ਐਵੇਂ ਖਲੋਤਾ ਆਜਾ ਚੁੱਲੇ ਵਿਚ ਅੱਗ ਬਾਲ ਦੇ...

ਨੂਰ ਬਾਪੂ ਕੋਲ ਚਲਾ ਗਿਆ ਤੇ ਬਾਪੂ ਉੱਠ ਕੇ ਹੋਰ ਕੰਮੀਂ ਲੱਗ ਗਿਆ.

ਨੂਰ ਅੱਗ ਮਚਾਉਣ ਦੀ ਕੋਸ਼ਿਸ਼ ਕਰਨ ਲੱਗਾ ਕਾਫੀ ਸਮਾਂ ਫੂਕਾਂ ਮਾਰਨ ਤੋ ਬਾਅਦ ਅਖੀਰ ਅੱਗ ਮੱਚ ਹੀ ਗਈ।

ਨੂਰ ਨੇ ਬਾਪੂ ਨੂੰ ਹਾਕ ਮਾਰੀ ਤੇ ਪੁੱਛਿਆ ਕੇ ਬਾਪੂ ਚਾਹ ਬਣਾ ਲਈ ਕੇ ਮੈ ਬਣਾਵਾਂ ਬਾਪੂ ਨੇ ਕਿਹਾ ਬਣਾਈ ਨਹੀ ਤੂੰ ਬਣਾ ਲੈ। ਨੂਰ ਚਾਹ ਬਣਾਉਣ ਲੱਗ ਗਿਆ ਉਸਦਾ ਦਾ ਸਰੀਰ ਅਜੇ ਵੀ ਬਹੁਤ ਹੀ ਜਿਆਦਾ ਦਰਦ ਕਰ ਰਿਹਾ ਸੀ।

ਤੇ ਉਸ ਕੋਲੋਂ ਸਹੀ ਢੰਗ ਨਾਲ ਖੜ ਵੀ ਨਹੀ ਸੀ ਹੋ ਰਿਹਾ। ਠੰਢੀ ਠਾਰ ਹਵਾ ਉਸ ਦੇ ਸੀਨੇ ਨੂੰ ਹੋਰ ਵੀ ਜਿਆਦਾ ਚੀਰ ਰਹੀ ਸੀ ਤੇ ਉਹ ਥੜ ਥੜ ਕੰਬ ਰਿਹਾ

ਸੀ। ਚਾਹ ਬਣਾ ਕੇ ਉਸਨੇ ਰਸੋਈ ਵਿਚ ਗਰਮ ਜੱਗ ਵਿਚ ਪਾ ਕੇ ਰੱਖ ਦਿੱਤੀ ਤੇ ਇੱਕ ਗਲਾਸ ਆਪਣੇ ਲਈ ਭਰ ਕੇ ਕਮਰੇ ਵਿਚ ਚਲਾ, ਉਹ ਬਿਸਤਰੇ ਉੱਪਰ ਇਸ ਤਰ੍ਹਾਂ ਜਾ ਕੇ ਡਿੱਗਿਆ ਜਿਵੇਂ ਉਸ ਦੇ ਸਰੀਰ ਵਿੱਚੋ ਜਾਨ ਨਿਕਲ ਹੀ ਗਈ ਹੋਵੇ। ਤੇ ਕਿੰਨਾ ਹੀ ਸਮਾਂ ਅੱਖਾਂ ਮੀਚ ਪਿਆ ਰਿਹਾ ਪਰ ਸਰੀਰ ਅਜੇ ਵੀ ਟੁੱਟਣੋ ਨਹੀ ਹੱਟਿਆ, ਉਸ ਨੇ ਮੇਜ ਉਪਰ ਪਿਆ ਚਾਹ ਦਾ ਗਲਾਸ ਚੁੱਕਿਆ ਤੇ ਮੂੰਹ ਨੂੰ ਲਾ ਕੇ ਇੱਕ ਘੁੱਟ ਭਰੀ ਤਾਂ ਉਸਨੂੰ ਚਾਹ ਕੋਈ ਚੰਗੀ  ਨਾ ਲੱਗੀ । ਉਸਨੇ ਮੁੜ ਗਲਾਸ ਮੇਜ ਉਪਰ ਹੀ ਰੱਖ ਦਿੱਤਾ ਐਨੇ ਵਿੱਚ ਉਸਨੂੰ ਉਸ ਡੱਬੀ ਦਾ ਚੇਤਾ ਆਇਆ ਜੋ ਕੱਲ੍ਹ ਉਸਨੇ ਆਪਣੀ ਪੈਂਟ ਦੀ ਜੇਬ ਵਿਚ ਪਾਈ ਸੀ। ਉਹ ਚੇਤੇ ਕਰਨ ਲੱਗਾ ਕੇ ਉਸਨੇ ਉਹ ਡੱਬੀ ਕਿੱਥੇ ਰੱਖ ਦਿੱਤੀ, ਉਸਦੀ ਨਿਗਾਹ ਅਲਮਾਰੀ ਦੇ ਉੱਪਰ ਗਈ ਜਿੱਥੇ ਉਹ ਅਕਸਰ ਕੋਈ ਵੀ ਸਮਾਨ ਲਕੋ ਕੇ ਰੱਖ ਦਿੰਦਾ ਸੀ। ਉਹ ਖੜਾ ਹੋਇਆ ਤੇ ਉਸਨੇ ਅਲਮਾਰੀ ਉਪਰ ਹੱਥ ਮਾਰਿਆ ਤਾਂ  ਉਹ ਡੱਬੀ ਉਥੇ ਹੀ ਪਈ ਸੀ ਉਸਨੇ ਉਹ ਡੱਬੀ ਚੁੱਕੀ ਤੇ ਮੁੜ ਬਿਸਤਰੇ ਵਿਚ ਬੈਠ ਗਿਆ ਮੇਜ ਤੇ ਪਈ ਚਾਹ

ਠਰ ਰਹੀ ਸੀ ਐਨੇ ਵਿਚ ਹੀ ਬਾਪੂ ਆਇਆ ਤੇ ਉਸਨੇ ਗੇਟ ਖੋਲਿਆ। ਨੂਰ ਡਰ ਜਿਹਾ ਗਿਆ, ਡੱਬੀ ਨੂੰ ਰਜਾਈ ਵਿਚ ਲਕੋ ਲਿਆ । ਬਾਪੂ ਬੋਲਿਆ...

ਬਾਪੂ: ਪੁੱਤ ਡਰਿਆ ਜਿਹਾ ਬੈਠਾ ਕੀ ਹੋ ਗਿਆ..

ਨੂਰ : ਕੁਝ ਨਹੀ ਬਾਪੂ ਥੋੜ੍ਹਾ ਜਿਹਾ ਸਰੀਰ ਨੂੰ ਬੁਖਾਰ ਜਿਹਾ ਲੱਗਦਾ ਹੋਰ ਕੁਝ ਨਹੀ..

ਬਾਪੂ : ਉੱਠ ਖੜ ਬਿਸਤਰੇ ਵਿੱਚੋਂ ਬਾਹਿਰ ਦੇਖ ਦਿਨ ਚੜ ਗਿਆ।

ਨਾਲੇ ਡਾਕਟਰ ਨੂੰ ਦਖਾ ਆਈਂ ਦਵਾਈ ਲੈ ਆ ਅੱਜ ਕੱਲ੍ਹ ਸੈਲ ਸੁੱਲ ਛੇਤੀ ਹੀ ਘੱਟ ਜਾਦੇ ਨੇ..

ਬਾਪੂ ਇਹ ਆਖ ਕੇ ਬਾਹਿਰ ਚਲਾ ਗਿਆ ....

ਦਰਅਸਲ ਬਾਪੂ ਨੂਰ ਨਾਲ ਬਹੁਤੀ ਬਾਤਚੀਤ ਕਰਨੀ ਪਸੰਦ ਨਹੀ ਸੀ ਕਰਦਾ ਕਿਉਂਕਿ ਕੋਈ ਵੀ ਬਾਪ ਆਪਣੇ ਪੁੱਤ ਦੇ ਕੋਲੋਂ ਤੋਂ ਅਣਜਾਣ ਨਹੀ ਹੁੰਦਾ ਇਸੇ ਤਰ੍ਹਾਂ ਨੂਰ ਦੇ ਨਸ਼ਿਆਂ ਦਾ ਪਤਾ ਤਾਂ ਉਸਦੇ ਬਾਪੂ ਨੂੰ ਵੀ ਸੀ ਪਰ ਉਸਨੇ ਕਿਦੇ ਉਸਨੂੰ ਏਸ ਬਾਰੇ ਭਣਕ ਤੱਕ ਨਹੀ ਸੀ ਲੱਗਣ

ਦਿੱਤੀ....

ਨੂਰ ਨੇ ਬਿਸਤਰ ਵਿਚੋਂ ਡੱਬੀ ਬਾਹਿਰ ਕੱਢੀ ਤੇ ਉਸ ਨੂੰ ਖੋਲਿਆ ਤੇ ਉਸ ਵਿਚੋਂ ਇਕ ਕਾਲੇ ਰੰਗ ਦੀ ਨਿੱਕੀ ਜਿਹੀ ਕਿਸੇ ਕੰਚ ਦੀ ਗੋਲੀ ਜਿਹੀ ਡਲੀ ਕੱਢੀ ਤੇ ਮੂੰਹ ਵਿਚ ਪਾ ਲਈ ਤੇ ਮੇਜ ਉਪਰ ਪਈ ਠੰਢੀ ਠਾਰ ਹੋਈ ਚਾਹ ਦਾ ਗਲਾਸ ਮੂੰਹ ਨੂੰ ਲਾਇਆ ਤੇ ਇੱਕੇ ਸਾਹ ਹੀ ਪੀ ਗਿਆ ਤੇ ਫੇਰ ਮੁੜ ਬਿਸਤਰੇ ਵਿਚ ਲੇਟ ਗਿਆ.........

ਇਸੇ ਤਰ੍ਹਾਂ ਟਾਲਮ-ਟੋਲੇ ਕਰਦੇ ਨੇ ਉਸਨੇ ਸਾਰਾ ਦਿਨ ਲੰਘਾ ਦਿੱਤਾ ਪਰ ਦਵਾਈ ਨਾ ਲੈ ਕੇ ਆਇਆ ਤੇ ਸਾਰੀ ਰਾਤ ਬੁਖਾਰ ਨਾਲ ਤਪਿਆ ਰਿਹਾ, ਦੋ ਤਿੰਨ ਦਿਨਾਂ ਬਾਅਦ ਆਪੇ ਹੀ ਬੁਖਾਰ ਚੜਨੋਂ ਹੱਟ ਗਿਆ, ਨੂਰ ਸਵੇਰੇ ਸਵੇਰੇ ਤਿਆਰ ਹੋ ਕੇ ਕਾੱਲਜ ਨੂੰ ਚਲਾ ਜਾਂਦਾਂ ਤੇ ਸਾਮ ਨੂੰ ਦੇਰ ਘਰ ਪਰਤਦਾ,ਬਾਪੂ ਨੂੰ ਉਨੀਂ ਦੇਰ ਨੀਂਦ ਨਾ ਆਉਂਦੀ ਜਿੰਨ੍ਹਾਂ ਤੀਕ ਉਹ ਘਰ ਨਾ ਆਉਂਦਾ, ਪਰ ਉਸਦੇ ਪੈਰਾਂ ਦੀ ਆਵਾਜ਼ ਸੁਣਨ ਸਾਰ ਹੀ ਉਹ ਮੂੰਹ ਸਿਰ ਢੱਕ

ਕੇ ਪੈ ਜਾਦਾਂ, ਤੇ ਨੂਰ ਵੀ ਬਣਾ ਖੜਾਕ ਕਰੇ ਕਦੇ ਤਾਂ ਰੋਟੀ ਖਾਦਾਂ ਕਦੇ ਬਿਨਾਂ ਰੋਟੀ ਖਾਦੇ ਹੀ ਸੋਂ ਜਾਦਾ। ਹੁਣ ਨੂਰ ਦਿਨੋ ਦਿਨ ਵੱਧ ਤੋਂ ਵੱਧ ਨਸ਼ੇ ਵਿਚ ਪੈ ਗਿਆ , ਹੁਣ ਉਸਦਾ ਸਰੀਰ ਵੀ ਬਿਲਕੁਲ ਕਿਸੇ ਲੱਕੜੀ ਵਾਂਗੂੰ ਸੁੱਕ ਹੀ ਗਿਆ ਸੀ, ਲਗਭਗ ਪੰਦਰਾਂ ਵੀਹ ਦਿਨਾਂ ਦੇ ਅੰਦਰ ਹੀ ਉਸਦੇ ਨਸ਼ੇ ਕਰਨ ਦੀ ਬੁਰੀ ਆਦਤ ਦਾ ਸਾਰੇ ਪਿੰਡ ਵਿਚ ਪਤਾ ਲੱਗਾ ਗਿਆ, ਹੁਣ ਪਿੰਡ ਦਾ ਕੋਈ ਵੀ ਮੁੰਡਾ ਉਸਨੂੰ ਮੂੰਹ ਨਾ ਲਾਉਦਾ,ਤੇ ਉਹ ਸਾਰਾ ਦਿਨ ਗਲੀਆਂ ਵਿਚ ਧੱਕੇ ਖਾਦਾਂ ਫਿਰਦਾ ਰਹਿੰਦਾ ...

ਬਾਪੂ ਨੂੰ ਨੂਰ ਦੀ ਦਿਨੋ ਦਿਨ ਨਸ਼ੇ ਦੀ ਆਦਤ ਘੁਣ ਵਾਗੂੰ ਖਾਦੀ ਰਹੀ ਬਾਪੂ ਮਨੋ ਮਨ ਹੀ ਆਪਣੀਆਂ ਵੇਖੀਂਆ ਸੱਦਰਾਂ ਨੂੰ ਫੂਕਦਾ ਰਿਹਾ,ਅਖੀਰ ਜਦੋਂ ਪਾਣੀ ਸਿਰ ਉੱਪਰ ਦੀ ਲੰਘ ਗਿਆ, ਨੂਰ ਨਸ਼ੇ ਲਈ ਘਰੋਂ ਸਮਾਨ ਚੁੱਕ ਕੇ ਵੇਚਣ ਲੱਗ ਗਿਆ, ਨੂਰ ਨੂੰ ਏਹ ਸਭ ਕਰਦਿਆਂ ਵੇਖ ਕੇ ਬਾਪੂ ਦੀਆਂ ਅੱਖਾਂ ਵਿੱਚ ਪਾਣੀ ਉੱਤਰ ਆਇਆ.....

ਨਸ਼ਾ ਨਾ ਮਿਲਣ ਕਰਕੇ ਨੂਰ ਦੀ ਹਾਲਤ ਦਿਨੋ ਦਿਨ ਖਰਾਬ ਹੋਣ ਲੱਗੀ ਤੇ ਅਖੀਰ ਫੇਰ ਉਹੀ ਹੋਇਆ ਜਿਸ


Webpagepdf.com

ਦਾ ਡਰ ਬਾਪੂ ਨੂੰ ਕਦੇ ਸੋਣ ਨਹੀ ਦਿੰਦਾ ਸੀ। ਨਸ਼ਿਆਂ ਦੀ ਲੱਤ ਨੂਰ ਦੀ ਜਿੰਦਗੀ ਲੈ ਬੈਠੀ, ਬਾਪੂ ਦਾ ਇੱਕਲਾ ਇਕਹਿਰਾ ਸਹਾਰਾ,ਬਾਪੂ ਹੁਣ ਜਦ ਵੀ ਕਦੇ ਖੇਤਾਂ ਨੂੰ ਪਾਣੀ ਲਾਉਦਾ ਏ ਤਾਂ ਨੂਰ ਦਾ ਧੁੰਦਲਾ ਜਿਹਾ ਚਹਿਰਾ ਉਸਨੂੰ ਅੱਜ ਵੀ ਪਹੀ ਤੇ ਖੜ੍ਹਾ ਚਾਹ ਪੀਣ ਲਈ ਪੁਕਾਰਦਾ ਏ, ਵਗਦੀਆਂ ਤੇਜ ਹਵਾਵਾਂ ਉਹਦੇ ਦਿਲ ਨੂੰ ਬਲੂੰਦਰਦੀਆਂ ਨੇ,ਅੱਖੀਆਂ ਵਿੱਚੋਂ ਚੋਣ ਵਾਲੇ ਹੰਝੂ ਧਰਤੀ ਦੀ ਹਿੱਕ ਉੱਪਰ ਕਿਸੇ ਛੁਰੇ ਵਾਂਗ ਖੁਬਦੇ ਨੇ ਤੇ ਬਾਪੂ ਨੂੰ ਦਰਦ ਹੁੰਦਾ ਏ, ਜੀਉਣੇ ਲਈ  ਧੂਣੀ ਦੀ ਬਲਦੀ ਅੱਗ ਬਾਪੂ ਦੇ ਹੱਥ ਨੂੰ ਫੜ ਭਰਮਾ ਹੁੰਗਾਰਾ ਭਰ ਦੇਦੀਂ ਏ, ਚੰਨ ਬੱਦਲਾਂ ਦੇ ਉਹਲੇ ਹੋ ਜਾਦਾਂ ਏ, ਚੰਨ ਅੱਗੇ ਆਏ ਹੋਏ ਵਿੰਗ ਵਲੇਵੇਂ ਵਾਲੇ ਬੱਦਲ ਬਾਪੂ ਨੂੰ ਆਪਣੀ ਜਿੰਦਗੀ ਦੀ ਇੱਕ ਖਿੱਚੀ ਹੋਈ ਤਸਵੀਰ ਜਾਪਦੇ ਨੇ ਤੇ ਸਭ ਤੋ ਵੱਧ ਚਮਕਣ ਵਾਲਾ ਤਾਰਾ ਨੂਰ, ਤੇ ਚੰਨ ਵਿਚਲੇ ਦਾਗਾਂ ਨੂੰ ਵੇਖ ਬਾਪੂ ਆਪਣੇ ਮੂੰਹ ਉਪਰ ਹੱਥ ਫੇਰਦਾ ਏ ਤੇ ਤੂਤ ਦੇ ਟਾਹਣੇ ਤੇ ਪਾਏ ਹੋਏ ਫਾਹੇ ਵਾਲੇ ਰੱਸੇ ਨੂੰ ਹੱਥ ਵਿਚ ਫੜ ਤੇ ਇੱਕ ਮੋਢੇ ਉਪਰ ਕਹੀ ਰੱਖ ਮੁੜ ਪਿੰਡ ਵਾਪਿਸ ਪਰਤ

ਜਾਦਾਂ ਏ.......

ਰੇਤੇ ਅਕਸਰ ਤੁਰਦੇ ਨੇ,
ਹਵਾਵਾ ਅਕਸਰ ਬੋਲਦੀਆਂ ਨੇ
ਕੰਨਾਂ ਨੂੰ ਸੁਣਾਈ ਦੇਣੋ ਹੱਟ ਜਾਦਾ
ਜਦ ਚੁੱਪਾਂ ਦਰਦ ਫਰੋਲਦੀਆਂ ਨੇ

{ ਸੁਖਦੀਪ }

**( ਇਸ ਕਹਾਣੀ ਬਾਰੇ ਆਪਣੇ ਵਿਚਾਰ ਅਤੇ ਹੋਰਨਾਂ ਕਹਾਣੀਆਂ ਨੂੰ ਪੜ੍ਹਨ ਲਈ ਤੁਸੀਂ ਸਾਡੇ ਵਾੱਟਸਐੱਪ ਨੰਬਰ 8699633924 ਤੇ ਸੰਪਰਕ ਜਾ ਮੈਸਜ ਕਰ ਸਕਦੇ ਹੋ )**

**ਸੁਖਦੀਪ ਸਿੰਘ ਰਾਏਪੁਰ**